16ਵੀਂ ਵਿਧਾਨ ਸਭਾ

ਪਹਿਲਾ ਸਮਾਗਮ

# ਪੰਜਾਬ ਵਿਧਾਨ ਸਭਾ

## ਬੁਲੇਟਿਨ ਨੰ: 3

## ਮੰਗਲਵਾਰ, 22 ਮਾਰਚ, 2022

(10:00 ਵਜੇ ਸਵੇਰ ਤੋਂ 11:21 ਵਜੇ ਪੂਰਵ ਦੁਪਹਿਰ ਤੱਕ)

1. **ਅਕਾਲ ਚਲਾਣਿਆਂ ਦਾ ਵਰਣਨ:-**

    1. ਜਨਰਲ ਸੁਨੀਥ ਫ੍ਰਾਂਸਿਸ ਰੋਡਰੀਗਜ਼, ਸਾਬਕਾ-ਰਾਜਪਾਲ, ਪੰਜਾਬ;
    2. ਸ੍ਰੀ ਰਮੇਸ਼ ਦੱਤ ਸ਼ਰਮਾ, ਸਾਬਕਾ-ਰਾਜ ਮੰਤਰੀ;
    3. ਸੰਤ ਅਜੀਤ ਸਿੰਘ, ਸਾਬਕਾ-ਐਮ.ਐਲ.ਏ.;
    4. ਸਰਦਾਰ ਹਰਬੰਸ ਸਿੰਘ, ਸਾਬਕਾ-ਐਮ.ਐਲ.ਏ ਅਤੇ ਸੁਤੰਤਰਤਾ ਸੰਗਰਾਮੀ;
    5. ਸ੍ਰੀ ਪ੍ਰੇਮ ਬੱਲਭ, ਸੁਤੰਤਰਤਾ ਸੰਗਰਾਮੀ;
    6. ਸ੍ਰੀ ਅਰਜਨ ਸਿੰਘ, ਸੁਤੰਤਰਤਾ ਸੰਗਰਾਮੀ;
    7. ਸ੍ਰੀ ਮੋਹਨ ਸਿੰਘ, ਸੁਤੰਤਰਤਾ ਸੰਗਰਾਮੀ;
    8. ਸ੍ਰੀ ਗੋਪਾਲ ਸਿੰਘ, ਸੁਤੰਤਰਤਾ ਸੰਗਰਾਮੀ;
    9. ਸ੍ਰੀਮਤੀ ਮੇਲੋ ਦੇਵੀ,ਸੁਤੰਤਰਤਾ ਸੰਗਰਾਮੀ;
    10. ਸ੍ਰੀ ਧਰਮ ਸਿੰਘ, ਸੁਤੰਤਰਤਾ ਸੰਗਰਾਮੀ;
    11. ਸ੍ਰੀ ਜਰਨੈਲ ਸਿੰਘ, ਸੁਤੰਤਰਤਾ ਸੰਗਰਾਮੀ;
    12. ਸ੍ਰੀ ਸੁਖਦੇਵ ਸਿੰਘ, ਸੁਤੰਤਰਤਾ ਸੰਗਰਾਮੀ;ਅਤੇ
    13. ਸ੍ਰੀ ਪ੍ਰਵੀਨ ਕੁਮਾਰ, ਅਥਲੀਟ ਅਤੇ ਅਦਾਕਾਰ।

ਮਾਨਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਅਤੇ ਇਨ੍ਹਾਂ ਸ਼ਖਸ਼ੀਅਤਾਂ ਤੋਂ ਇਲਾਵਾ ਮਾਨਯੋਗ ਸਪੀਕਰ ਵੱਲੋਂ ਰਾਣਾ ਗੁਰਜੀਤ ਸਿੰਘ, ਐਮ.ਐਲ.ਏ ਦੇ ਭਰਾ ਰਾਣਾ ਮਹਿੰਦਰਾਜੀਤ ਸਿੰਘ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਇਨ੍ਹਾਂ ਤੋਂ ਇਲਾਵਾ ਡਾ. ਸੁਖਵਿੰਦਰ ਕੁਮਾਰ ਸੁੱਖੀ, ਐਮ.ਐਲ.ਏ ਵੱਲੋਂ ਜਨਰਲ ਬਿਪਨ ਰਾਵਤ, ਚੀਫ ਆਫ ਡਿਫੈਂਸ ਸਟਾਫ, ਇੰਡੀਅਨ ਆਰਮਡ ਫੋਰਸਿਜ਼ ਅਤੇ 12 ਹੋਰ ਲੋਕ ਜਿਹਨਾਂ ਵਿੱਚ ਬ੍ਰਿਗੇਡੀਅਰ ਐਲ.ਐਸ. ਲਿੱਧੜ, ਪਿੰਡ ਲਿੱਧੜ ਕਲਾਂ (ਬੰਗਾ) ਅਤੇ ਸ਼ਹੀਦ ਭਗਤ ਸਿੰਘ ਨਗਰ ਦੇ ਸ੍ਰੀ ਪਰਮਿੰਦਰ ਕੁਮਾਰ ਕਿਸਾਨਾ, ਜਿਹੜੇ ਕਿ ਆਸਾਮ ਬੰਗਲਾ ਬਾਰਡਰ ਤੇ ਸ਼ਹੀਦ ਹੋਏ, ਨੂੰ ਵੀ ਅੱਜ ਦੇ ਸ਼ੋਕ ਪ੍ਰਸਤਾਵਾਂ ਵਾਲੀ ਸੂਚੀ ਵਿਚ ਸ਼ਾਮਲ ਕਰਨ ਲਈ ਕਹੇ ਜਾਣ ਤੇ ਮਾਨਯੋਗ ਸਪੀਕਰ ਵੱਲੋਂ ਉਨ੍ਹਾਂ ਨੂੰ ਵੀ ਸ਼ਰਧਾਂਜਲੀਆਂ ਵਾਲੀ ਸੂਚੀ ਵਿੱਚ ਸ਼ਾਮਲ ਕਰ ਲਿਆ ਗਿਆ।

ਮਾਨਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਵਿਛੜੀਆਂ ਸ਼ਖਸ਼ੀਅਤਾਂ ਦੇ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਖੜ੍ਹੇ ਹੋ ਕੇ ਮੌਨ ਧਾਰਨ ਕੀਤਾ।

2. **ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿਤ ਕਰਨਾ**

ਮਾਨਯੋਗ ਸਪੀਕਰ ਵੱਲੋਂ ਸ਼ਰਧਾਂਜਲੀਆਂ ਭੇਂਟ ਕਰਨ ਉਪਰੰਤ ਸਤਿਕਾਰ ਵਜੋਂ ਸਦਨ 10.40 ਵਜੇ ਪੂਰਵ ਦੁਪਹਿਰ ਤੱਕ ਲਈ ਸਥਗਿਤ ਕੀਤਾ ਗਿਆ।

3. **ਮਾਨਯੋਗ ਸਪੀਕਰ ਦੁਆਰਾ ਐਲਾਨ**

I. **ਸਭਾਪਤੀ ਨਾਮਾਵਲੀ ਸਬੰਧੀ**

ਮਾਨਯੋਗ ਸਪੀਕਰ ਨੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 13(1) ਅਧੀਨ ਨਿਮਨਲਿਖਤ ਮਾਨਯੋਗ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਲਈ ਨਾਮਜ਼ਦ ਕਰਨ ਸਬੰਧੀ ਐਲਾਨ ਕੀਤਾ:-

a) ਸਰਦਾਰ ਮਨਜੀਤ ਸਿੰਘ ਬਿਲਾਸਪੁਰ,

b) ਸਰਦਾਰ ਜੈ ਕ੍ਰਿਸ਼ਨ ਸਿੰਘ,

c) ਸਰਦਾਰ ਪਰਗਟ ਸਿੰਘ ਪੋਆਰ,

d) ਸਰਦਾਰ ਮਨਪ੍ਰੀਤ ਸਿੰਘ ਇਆਲੀ।

II. **ਰਾਜਪਾਲ ਦੇ ਭਾਸ਼ਣ ਸਬੰਧੀ**

ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 18 ਦੀ ਪੈਰਵੀ ਵਿਚ ਮਾਨਯੋਗ ਸਪੀਕਰ ਵਲੋਂ ਦੱਸਿਆ ਗਿਆ ਕਿ ਰਾਜਪਾਲ ਨੇ ਸੰਵਿਧਾਨ ਦੇ ਅਨੁਛੇਦ 176 (1) ਅਧੀਨ 21 ਮਾਰਚ, 2022 ਨੂੰ 02.00 ਵਜੇ ਬਾਅਦ ਦੁਪਿਹਰ ਪੰਜਾਬ ਵਿਧਾਨ ਸਭਾ ਨੂੰ ਭਾਸ਼ਣ ਦੇਣ ਦੀ ਕ੍ਰਿਪਾਲਤਾ ਕੀਤੀ ਹੈ। ਮਾਨਯੋਗ ਸਪੀਕਰ ਵਲੋਂ ਭਾਸ਼ਣ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਗਈ।

4. **ਸਕੱਤਰ ਦੁਆਰਾ ਐਲਾਨ**

ਸਕੱਤਰ ਵੱਲੋਂ 15ਵੀਂ ਵਿਧਾਨ ਸਭਾ ਦੁਆਰਾ ਇਸ ਦੇ 16ਵੇਂ (ਵਿਸ਼ੇਸ਼) ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਗਿਆ।

5. **ਮੇਜ਼ ਤੇ ਰੱਖੇ ਗਏ ਕਾਗਜ਼-ਪੱਤਰ**

ਮੁੱਖ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: III ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 7 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

6. **ਨਿਯਮ 16 ਅਧੀਨ ਪ੍ਰਸਤਾਵ**

ਮੁੱਖ ਮੰਤਰੀ ਦੁਆਰਾ ਪੇਸ਼ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ:

"ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।

7. **ਸਾਲ 2022–23 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ**

ਮੁੱਖ ਮੰਤਰੀ ਵਲੋਂ ਪੇਸ਼ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ:
"ਕਿਉਂਜੋ ਸਾਲ 2022-23 ਲਈ-

i. ਲੋਕ ਲੇਖਾ ਕਮੇਟੀ;

ii. ਅਨੁਮਾਨ ਕਮੇਟੀ;

iii. ਸਰਕਾਰੀ ਕਾਰੋਬਾਰ ਕਮੇਟੀ; ਅਤੇ

iv. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ ਲਈ ਚੋਣਾਂ 31 ਮਾਰਚ, 2022 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿਚ ਵੱਖ-ਵੱਖ ਪਾਰਟੀਆਂ /ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2022-23 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।"

8. **ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਬਹਿਸ ਅਗਲੇ ਸਮਾਗਮ ਵਿੱਚ ਕਰਵਾਉਣ ਸਬੰਧੀ**

ਸਦਨ ਦੀ ਸਹਿਮਤੀ ਅਨੁਸਾਰ ਮਾਨਯੋਗ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਬਹਿਸ ਅਗਲੇ ਸਮਾਗਮ ਵਿੱਚ ਕਰਵਾਉਣ ਸਬੰਧੀ ਫੈਸਲਾ ਕੀਤਾ ਗਿਆ।

9. **ਸਰਕਾਰੀ ਮਤਾ**

ਮੁੱਖ ਮੰਤਰੀ ਵਲੋਂ ਪੇਸ਼ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਸੋਧੇ ਅਨੁਸਾਰ ਸਰਬਸੰਮਤੀ ਨਾਲ ਪ੍ਰਵਾਨ ਹੋਇਆ:

ਸਰਦਾਰ ਭਗਤ ਸਿੰਘ ਦੇਸ਼ ਦੀ ਆਜ਼ਾਦੀ ਦੀ ਖਾਤਰ ਫਾਂਸੀ ਦੇ ਰੱਸਿਆਂ ਨੂੰ ਚੁੰਮ ਕੇ ਸ਼ਹੀਦੀ ਪ੍ਰਾਪਤ ਕਰ ਗਏ ਅਤੇ ਉਨ੍ਹਾਂ ਦੀ ਸ਼ਹੀਦੀ ਨੇ ਭਾਰਤ ਦੇ ਲੋਕਾਂ ਵਿੱਚ ਐਸੀ ਚਿਣਗ ਲਗਾਈ ਕਿ ਅੰਗਰੇਜ਼ਾਂ ਨੂੰ ਦੇਸ਼ ਆਜ਼ਾਦ ਕਰਨ ਲਈ ਮਜ਼ਬੂਰ ਹੋਣਾ ਪਿਆ। ਪੰਜਾਬ ਦਾ ਹਰ ਨੌਜਵਾਨ ਅਤੇ ਬਸ਼ਿੰਦਾ ਸ਼ਹੀਦ ਭਗਤ ਸਿੰਘ ਨੂੰ ਆਪਣਾ ਆਦਰਸ਼ ਮੰਨਦਾ ਹੈ। ਸਾਡਾ ਵੀ ਉਨ੍ਹਾਂ ਪ੍ਰਤੀ ਕੁਝ ਕਰਨ ਦਾ ਫਰਜ਼ ਬਣਦਾ ਹੈ।

ਇਸ ਤੋਂ ਇਲਾਵਾ ਦੇਸ਼ ਆਜ਼ਾਦ ਹੋਣ ਤੋਂ ਬਾਅਦ ਜਦੋਂ ਸਾਡੇ ਦੇਸ਼ ਦਾ ਸੰਵਿਧਾਨ ਲਿਖਿਆ ਜਾ ਰਿਹਾ ਸੀ ਤਾਂ ਡਾ. ਬੀ.ਆਰ ਅੰਬੇਦਕਰ (ਬਾਬਾ ਸਾਹਿਬ ਅੰਬੇਦਕਰ) ਦਾ ਸੰਵਿਧਾਨ ਲਿਖਣ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ ਹੈ। ਇਸੇ ਕਰਕੇ ਉਨ੍ਹਾਂ ਨੂੰ ਸੰਵਿਧਾਨ ਦੇ ਨਿਰਮਾਤਾ ਵੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੀ ਮਹਾਨ ਸ਼ਖਸੀਅਤ ਨੂੰ ਹਮੇਸ਼ਾ ਆਪਣੀ ਯਾਦ ਵਿੱਚ ਰੱਖਣਾ ਚਾਹੀਦਾ ਹੈ ਅਤੇ ਸਾਨੂੰ ਉਨ੍ਹਾਂ ਦੀ ਜ਼ਿੰਦਗੀ ਤੋਂ ਸੇਧ ਲੈਣੀ ਚਾਹੀਦੀ ਹੈ।

ਇਸ ਲਈ, ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਸ਼ਹੀਦ ਭਗਤ ਸਿੰਘ ਜੀ, ਡਾ. ਅੰਬੇਦਕਰ ਜੀ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਬੁੱਤ ਪੰਜਾਬ ਵਿਧਾਨ ਸਭਾ ਵਿੱਚ ਲਗਾਏ ਜਾਣ ਲਈ ਯੋਗ ਕਾਰਵਾਈ ਕੀਤੀ ਜਾਵੇ ਤਾਂ ਜੋ ਲੋਕਾਂ ਦੇ ਨੁਮਾਇੰਦੇ ਉਨ੍ਹਾਂ ਤੋਂ ਸੇਧ ਲੈ ਸਕਣ ਅਤੇ ਨਿਰਸਵਾਰਥ ਭਾਵਨਾ ਨਾਲ ਦੇਸ਼ ਦੀ ਸੇਵਾ ਕਰ ਸਕਣ।

ਇਸ ਉਪਰੰਤ ਨਿਮਨਲਿਖਤ ਮੈਂਬਰ ਸਾਹਿਬਾਨ ਨੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ | 01 ਮਿੰਟ |
| 2. | ਸਰਦਾਰ ਪ੍ਰਤਾਪ ਸਿੰਘ ਬਾਜਵਾ, ਇੰਡੀਅਨ ਨੈਸ਼ਨਲ ਕਾਂਗਰਸ | 01 ਮਿੰਟ |
| 3. | ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਇੰਡੀਅਨ ਨੈਸ਼ਨਲ ਕਾਂਗਰਸ | 01 ਮਿੰਟ |
| 4. | ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਆਮ ਆਦਮੀ ਪਾਰਟੀ | 01 ਮਿੰਟ |

5. ਸਰਦਾਰ ਮਨਪ੍ਰੀਤ ਸਿੰਘ ਇਆਲੀ, ਸ਼੍ਰੋਮਣੀ ਅਕਾਲੀ ਦਲ — 01 ਮਿੰਟ
6. ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਇੰਡੀਅਨ ਨੈਸ਼ਨਲ ਕਾਂਗਰਸ — 03 ਮਿੰਟ
7. ਸ੍ਰੀ ਅਮਨ ਅਰੋੜਾ, ਆਮ ਆਦਮੀ ਪਾਰਟੀ — 03 ਮਿੰਟ
8. ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ — 02 ਮਿੰਟ
9. ਸ੍ਰੀ ਅਸ਼ਵਨੀ ਕੁਮਾਰ ਸ਼ਰਮਾ, ਭਾਰਤੀ ਜਨਤਾ ਪਾਰਟੀ — 03 ਮਿੰਟ
10. ਸ੍ਰੀ ਬ੍ਰਹਮ ਸ਼ੰਕਰ ਜਿੰਪਾ, ਮਾਲ ਤੇ ਮੁੜ ਵਸੇਬਾ ਮੰਤਰੀ — 01 ਮਿੰਟ
11. ਸ੍ਰੀਮਤੀ ਸਰਵਜੀਤ ਕੌਰ ਮਾਣੂਕੇ, ਆਮ ਆਦਮੀ ਪਾਰਟੀ — 02 ਮਿੰਟ

ਬਹਿਸ ਦਾ ਜਵਾਬ ਦਿੰਦੇ ਸਮੇਂ ਮੁੱਖ ਮੰਤਰੀ 30 ਸੈਕੰਡਾਂ ਲਈ ਬੋਲੇ।

**10. ਵਿੱਤੀ ਕੰਮ-ਕਾਰ**

I. ਵਿੱਤ ਮੰਤਰੀ ਨੇ ਸਾਲ 2021-22 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕੀਤੀਆਂ।

II. ਸਾਲ 2021-22 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ।

1) ਰਾਜ ਦੇ ਮਾਲੀਏ ਤੇ ਭਾਰਿਤ ਖਰਚੇ ਦੇ ਅਨੁਮਾਨਾਂ ਤੇ ਬਹਿਸ।

2) ਅਨੁਪੂਰਕ ਗ੍ਰਾਂਟਾਂ ਲਈ ਮੰਗਾਂ ਤੇ ਵੋਟਿੰਗ।

ਕਾਰਜ ਸੂਚੀ ਵਿਚ ਦਰਜ ਮੰਗ ਨੰ: 1 ਤੋਂ 3, 5,7,9 ਤੋਂ 13,15,16,18 ਤੋਂ 27,29,30,32,35,37,38 ਅਤੇ 40 ਤੋਂ 42 ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖੀਆਂ ਗਈਆਂ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਈਆਂ।

**III. ਪੰਜਾਬ ਨਮਿੱਤਣ ਬਿਲ, 2022**

ਵਿੱਤ ਮੰਤਰੀ ਨੇ ਪੰਜਾਬ ਨਮਿੱਤਣ ਬਿਲ, 2022 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਵਸੰਮਤੀ ਨਾਲ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ਾਂ 2 ਤੋਂ 4 ਇਕੱਠੀਆਂ, ਸ਼ਡਿਊਲ, ਕਲਾਜ਼ 1 ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ ਕਿ ਪੰਜਾਬ ਨਮਿੱਤਣ ਬਿਲ, 2022 ਪਾਸ ਕੀਤਾ ਜਾਵੇ, ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

**IV. ਸਾਲ 2022-23 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਲੇਖਾ -ਅਨੁਦਾਨ ਪੇਸ਼ ਕਰਨਾ**

ਵਿੱਤ ਮੰਤਰੀ ਨੇ ਸਾਲ 2022-23 ਲਈ ਤਿੰਨ ਮਹੀਨਿਆਂ ਲਈ ਪੰਜਾਬ ਸਰਕਾਰ ਦੇ ਖਰਚਿਆ ਲਈ ਲੇਖਾ-ਅਨੁਦਾਨ ਪੇਸ਼ ਕੀਤਾ।

**V. ਤਿੰਨ ਮਹੀਨਿਆਂ ਲਈ ਲੇਖਾ-ਅਨੁਦਾਨ ਸਬੰਧੀ ਪ੍ਰਸਤਾਵ**

ਵਿੱਤ ਮੰਤਰੀ ਨੇ ਪ੍ਰਸਤਾਵ ਕੀਤਾ ਕਿ ਤਿੰਨ ਮਹੀਨਿਆਂ (ਅਰਥਾਤ ਅਪ੍ਰੈਲ, ਮਈ ਅਤੇ ਜੂਨ 2022) ਲਈ ਲੇਖਾ-ਅਨੁਦਾਨ ਜਿਨ੍ਹਾਂ ਦੀ ਰਕਮ 37120,23,76,000 ਰੁਪਏ ਬਣਦੀ ਹੈ, ਜਿਵੇਂ ਕਿ ਇਸ ਨਾਲ ਨੱਥੀ ਅਨੁਸੂਚੀ ਵਿਚ ਦੱਸੇ ਗਏ ਹਨ ਤੇ ਤੁੰਰਤ ਵਿਚਾਰ ਕੀਤਾ ਜਾਵੇ ਅਤੇ ਇਨ੍ਹਾਂ ਨੂੰ ਪਾਸ ਕੀਤਾ ਜਾਵੇ।

ਪ੍ਰਸਤਾਵ ਸਰਵਸੰਮਤੀ ਨਾਲ ਪ੍ਰਵਾਨ ਹੋਇਆ।

**VI. ਪੰਜਾਬ ਨਮਿੱਤਣ (ਲੇਖਾ ਅਨੁਦਾਨ) ਬਿਲ, 2022**

ਵਿੱਤ ਮੰਤਰੀ ਨੇ ਪੰਜਾਬ ਨਮਿੱਤਣ (ਲੇਖਾ ਅਨੁਦਾਨ) ਬਿਲ, 2022 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ਾਂ 2 ਤੋਂ 4 ਇਕੱਠੀਆਂ, ਸ਼ਡਿਊਲ, ਕਲਾਜ਼ 1 ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਕਿ ਪੰਜਾਬ ਨਮਿੱਤਣ (ਲੇਖਾ ਅਨੁਦਾਨ) ਬਿਲ, 2022 ਪਾਸ ਕੀਤਾ ਜਾਵੇ" ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

**11. ਮੁੱਖ ਮੰਤਰੀ ਵੱਲੋਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਸ਼ਹੀਦੀ ਦਿਵਸ ਸਬੰਧੀ ਛੁੱਟੀ ਦਾ ਐਲਾਨ**

ਮੁੱਖ ਮੰਤਰੀ ਵੱਲੋਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਸ਼ਹੀਦੀ ਦਿਵਸ ਦੇ ਸਬੰਧ ਵਿੱਚ ਮਿਤੀ 23 ਮਾਰਚ, 2022 ਨੂੰ ਸਾਰੇ ਪੰਜਾਬ ਵਿੱਚ ਛੁੱਟੀ ਦਾ ਐਲਾਨ ਕੀਤਾ ਗਿਆ।

ਇਸ ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ ।

ਚੰਡੀਗੜ੍ਹ
22 ਮਾਰਚ, 2022

ਸੁਰਿੰਦਰ ਪਾਲ
ਸਕੱਤਰ ।